# ਨਵੇਂ Scotland ਦਾ ਨਿਰਮਾਣ: ਆਜ਼ਾਦ Scotland ਵਿੱਚ ਸੱਭਿਆਚਾਰ

BUILDING A NEW SCOTLAND

## ਸਾਰ

### ਸੱਭਿਆਚਾਰ ਦੀ ਪਰਿਵਰਤਨਸ਼ੀਲ ਤਾਕਤ

Scotland ਇੱਕ ਅਜਿਹਾ ਮੁਲਕ ਹੈ ਜਿਸ ਕੋਲ ਸੱਭਿਆਚਾਰਕ ਜਾਇਦਾਦਾਂ ਹਨ ਜੋ ਵੱਖਰੀਆਂ ਹਨ, ਵਿਸ਼ਵ ਪੱਧਰ 'ਤੇ ਜੁੜੀਆਂ ਹੋਈਆਂ ਹਨ ਅਤੇ ਉਹਨਾਂ ਨੂੰ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਮਿਲੀ ਹੋਈ ਹੈ। ਸਾਡੇ ਸੰਗੀਤ, ਲੈਂਡਸਕੇਪ, ਤਿਉਹਾਰ, ਲੇਖਕ, ਅਭਿਨੇਤਾ, ਡਿਜ਼ਾਈਨ, ਇਤਿਹਾਸਕ ਸ਼ਖਸੀਅਤਾਂ ਅਤੇ ਭੂਮੀ ਚਿੰਨ੍ਹਾਂ ਨੂੰ ਅੰਤਰਰਾਸ਼ਟਰੀ ਤਾਰੀਫ਼ ਮਿਲੀ ਹੋਈ ਹੈ। Scotland ਵਿੱਚ ਸੱਭਿਆਚਾਰ ਸ਼ਮੂਲੀਅਤ ਵਾਲੇ ਭਾਈਚਾਰਿਆਂ ਨੂੰ ਬਣਾਉਣ, ਸਕਾਰਾਤਮਕ ਨਾਗਰਿਕਤਾ ਨੂੰ ਹੱਲਾਸ਼ੇਰੀ ਦੇਣ ਅਤੇ ਸਾਡੇ ਸਾਹਮਣੇ ਆਉਣ ਵਾਲੇ ਸਭ ਤੋਂ ਵੱਡੇ ਮੁੱਦਿਆਂ 'ਤੇ ਵਿਚਾਰ ਕਰਨ ਵਿੱਚ ਸਾਡੀ ਮਦਦ ਕਰਨ ਲਈ ਕੇਂਦਰੀ ਬਿੰਦੂ ਹੈ।

ਸਕਾਟਿਸ਼ ਸਰਕਾਰ ਨੇ ਸੱਭਿਆਚਾਰ ਤੱਕ ਪਹੁੰਚ ਕਰਨ ਦੇ ਮੌਕੇ ਪੈਦਾ ਕਰਕੇ ਅਤੇ ਸੈਕਟਰ ਦੀ ਪਰਿਵਰਤਨਸ਼ੀਲ ਸੰਭਾਵਨਾ ਨੂੰ ਪੂਰੀ ਤਰ੍ਹਾਂ ਨਾਲ ਮਹਿਸੂਸ ਕਰਨ ਲਈ ਮਦਦ ਕਰਕੇ ਸੱਭਿਆਚਾਰ ਖੇਤਰ ਨੂੰ ਸਮਰਥਨ ਦੇਣ ਲਈ ਆਪਣੀਆਂ ਵਿਕਸਤ ਤਾਕਤਾਂ ਦੀ ਵਰਤੋਂ ਕੀਤੀ ਹੈ। ਇਸ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੂੰ ਸੱਭਿਆਚਾਰਕ ਗਤੀਵਿਧੀਆਂ ਵਿੱਚ ਸ਼ਾਮਲ ਕਰਨਾ ਅਤੇ ਸੱਭਿਆਚਾਰਕ ਰਣਨੀਤੀ ਰਾਹੀਂ ਨਵੀਨਤਾਕਾਰੀ ਪ੍ਰੋਗਰਾਮਾਂ ਨੂੰ ਸ਼ੁਰੂ ਕਰਨਾ ਸ਼ਾਮਲ ਹੈ, ਜਿਵੇਂ ਕਿ ਕ੍ਰਿਏਟਿਵ ਕਮਿਊਨਿਟੀਜ਼, ਆਰਟਸ ਅਲਾਈਵ ਅਤੇ ਕਲਚਰ ਕਲੈਕਟਿਵ ਪ੍ਰੋਗਰਾਮ।

ਫਰਸਟ ਮਨਿਸਟਰ ਨੇ ਅਕਤੂਬਰ 2023 ਵਿੱਚ ਘੋਸ਼ਣਾ ਕੀਤੀ ਕਿ ਸਕਾਟਿਸ਼ ਸਰਕਾਰ ਵਿੱਤੀ ਸਾਲ 2028/29 ਤੱਕ ਸੱਭਿਆਚਾਰ ਅਤੇ ਕਲਾ ਵਿੱਚ ਸਾਲਾਨਾ ਘੱਟੋ-ਘੱਟ £100m ਦਾ ਨਿਵੇਸ਼ ਕਰੇਗੀ। ਅਸੀਂ ਅਗਲੇ ਵਿੱਤੀ ਸਾਲ ਵਿੱਚ ਸੱਭਿਆਚਾਰ ਖੇਤਰ ਲਈ ਫੰਡਿੰਗ ਨੂੰ £15.8m ਵਧਾ ਕੇ £196.6m ਕਰ ਰਹੇ ਹਾਂ। 2025/2026 ਵਿੱਚ ਅਸੀਂ ਸੱਭਿਆਚਾਰ ਸੈਕਟਰ ਨੂੰ ਵਾਧੂ £25m ਪ੍ਰਦਾਨ ਕਰਨ ਦਾ ਟੀਚਾ ਰੱਖਦੇ ਹਾਂ। ਚੁਣੌਤੀਪੂਰਨ ਬਜਟ ਸਥਿਤੀ ਦੇ ਬਾਵਜੂਦ ਵਾਧੂ ਫੰਡਿੰਗ ਲਈ ਇਹ ਵਚਨਬੱਧਤਾ ਸਕਾਟਿਸ਼ ਕਲਚਰ ਸੈਕਟਰ ਵਿੱਚ ਸਾਡੇ ਵਿਸ਼ਵਾਸ ਨੂੰ ਦਰਸਾਉਂਦੀ ਹੈ। ਇਸ ਵਧੇ ਨਿਵੇਸ਼ ਨਾਲ, ਅਸੀਂ ਰਚਨਾਤਮਕ ਕੰਮਾਂ ਵਿੱਚ ਭਾਗ ਲੈਣ ਦੇ ਮੌਕੇ ਵਧਾਉਣਾ ਚਾਹੁੰਦੇ ਹਾਂ, ਨਵੇਂ ਕੰਮਾਂ ਦੇ ਉਤਪਾਦਨ ਵਿੱਚ ਸਹਾਇਤਾ ਕਰਨਾ ਚਾਹੁੰਦੇ ਹਾਂ ਅਤੇ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ Scotland ਦੇ ਸੱਭਿਆਚਾਰਕ ਆਉਟਪੁੱਟ ਵਿੱਚ ਦੇਸ਼ ਅਤੇ ਵਿਦੇਸ਼ ਵਿੱਚ ਪਲੇਟਫਾਰਮ ਮੌਜੂਦ ਹਨ।

ਆਜ਼ਾਦੀ ਉਨ੍ਹਾਂ ਸਾਰੀਆਂ ਤਰੱਕੀਆਂ 'ਤੇ ਅਧਾਰਤ ਹੋਵੇਗੀ ਜੋ ਹਸਤਾਂਤਰਨ ਦੇ ਅਧੀਨ ਕੀਤੀ ਗਈ ਹੈ, ਇਹ ਸੱਭਿਆਚਾਰ ਤੱਕ ਪਹੁੰਚ ਨੂੰ ਸਮਰਥਨ ਦੇਣ ਲਈ ਨਵੇਂ ਮੌਕੇ ਪੈਦਾ ਕਰੇਗੀ।

## ਪ੍ਰਸਾਰਣ

ਪ੍ਰਸਾਰਣ ਟੈਲੀਵਿਜ਼ਨ ਅਤੇ ਰੇਡੀਓ ਸੇਵਾਵਾਂ ਨੂੰ ਦਰਸਾਉਂਦਾ ਹੈ, ਜਿਸ ਨੂੰ Scotland ਵਿੱਚ ਸਰੋਤਿਆਂ ਦੁਆਰਾ ਬਹੁਤ ਤਵੱਜੋਂ ਦਿੱਤੀ ਜਾਂਦੀ ਹੈ। ਸਾਡੇ ਜਨਤਕ ਸੇਵਾ ਪ੍ਰਸਾਰਕਾਂ ਦੀ ਨਿਰਪੱਖ ਅਤੇ ਭਰੋਸੇਮੰਦ ਖ਼ਬਰਾਂ ਅਤੇ ਉੱਚ-ਗੁਣਵੱਤਾ ਵਿਲੱਖਣ ਪ੍ਰੋਗਰਾਮਿੰਗ ਪ੍ਰਦਾਨ ਕਰਨ ਦੀ ਇੱਕ ਲੰਬੀ ਅਤੇ ਆਦਰਯੋਗ ਪਰੰਪਰਾ ਹੈ।

ਸੁਤੰਤਰਤਾ ਦੇ ਨਾਲ, ਸਕਾਟਿਸ਼ ਸਰਕਾਰ TV, ਰੇਡੀਓ ਅਤੇ ਔਨਲਾਈਨ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਨਵਾਂ ਸਕਾਟਿਸ਼ ਪਬਲਿਕ ਸਰਵਿਸ ਬ੍ਰੌਡਕਾਸਟਰ ਸਥਾਪਤ ਕਰੇਗੀ। ਇੱਕ ਨਵੇਂ ਪ੍ਰਸਾਰਕ ਲਈ ਦਾਇਰੇ, ਰੀਮਿਟ, ਗਵਰਨੈਂਸ ਅਤੇ ਫੰਡਿੰਗ ਮਾਡਲ ਦੀ ਸਕੌਟਿਸ਼ ਦਰਸ਼ਕਾਂ ਅਤੇ ਉਦਯੋਗ ਨਾਲ ਖੋਜ ਕੀਤੀ ਜਾਵੇਗੀ, ਇਸ ਨਾਲ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਜਨਤਾ ਨੂੰ ਇੱਕ ਸੁਤੰਤਰ, ਜਵਾਬਦੇਹ, ਟਿਕਾਊ ਪ੍ਰਸਾਰਕ ਦੁਆਰਾ ਸੇਵਾ ਦਿੱਤੀ ਜਾਂਦੀ ਹੈ ਜੋ ਸਕਾਟਿਸ਼ ਜੀਵਨ ਦੇ ਦਿਲ ਅੰਦਰ ਬੈਠਦੀ ਹੈ।

ਇੱਕ ਨਵਾਂ ਸਕਾਟਿਸ਼ ਪਬਲਿਕ ਸਰਵਿਸ ਬ੍ਰੌਡਕਾਸਟਰ ਪੂਰੇ UK ਵਿੱਚ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੇ ਹਮਰੁਤਬਾ ਨਾਲ ਕੰਮ ਕਰੇਗਾ ਤਾਂ ਜੋ ਪ੍ਰੋਗਰਾਮਿੰਗ ਤੱਕ ਲਗਾਤਾਰ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ ਜਿਸਨੂੰ ਅਸੀਂ ਜਾਣਦੇ ਹਾਂ ਅਤੇ ਪਿਆਰ ਕਰਦੇ ਹਾਂ। ਨਵਾਂ ਪ੍ਰਸਾਰਕ ਸਕਾਟਿਸ਼ ਦਰਸ਼ਕਾਂ ਦੀਆਂ ਖਾਸ ਲੋੜਾਂ ਅਤੇ ਹਿੱਤਾਂ ਨੂੰ ਬਿਹਤਰ ਢੰਗ ਨਾਲ ਦਰਸਾਏਗਾ ਅਤੇ ਤਰਜੀਹ ਦੇਵੇਗਾ, ਜਿਸ ਵਿੱਚ ਸਥਾਨਕ ਅਤੇ ਰਾਸ਼ਟਰੀ ਸਕਾਟਿਸ਼ ਖਬਰਾਂ 'ਤੇ ਧਿਆਨ ਕੇਂਦਰਿਤ ਕਰਨਾ ਸ਼ਾਮਲ ਹੈ, ਇਸ ਦੇ ਨਾਲ ਹੀ ਮੌਜੂਦਾ ਅਤੇ ਗਲੋਬਲ ਮਾਮਲਿਆਂ 'ਤੇ ਸਕੌਟਿਸ਼ ਦ੍ਰਿਸ਼ਟੀਕੋਣ ਪ੍ਰਦਾਨ ਕਰਨਾ ਸ਼ਾਮਲ ਹੈ।

ਇਹ ਪਹੁੰਚ Scotland ਵਿੱਚ ਉਹਨਾਂ ਰਚਨਾਤਮਕ ਪੇਸ਼ੇਵਰਾਂ ਦੇ ਨਾਲ ਬੈਠ ਕੇ ਪ੍ਰੋਗਰਾਮਿੰਗ ਅਤੇ ਬਜਟ ਬਾਰੇ ਫੈਸਲੇ ਲੈਣ ਦੇ ਨਾਲ, ਜੋ Scotland ਵਿੱਚ ਰਹਿੰਦੇ ਹਨ ਅਤੇ ਕੰਮ ਕਰਦੇ ਹਨ, ਇੱਕ ਵੱਡੇ ਰਚਨਾਤਮਕ ਆਉਟਪੁੱਟ ਨੂੰ ਸਮਰੱਥ ਬਣਾਵੇਗੀ।

## ਯੂਰੋਪੀਅਨ ਯੂਨੀਅਨ ਵਿੱਚ Scotland

ਯੂਰੋਪੀਅਨ ਯੂਨੀਅਨ ਤੋਂ UK ਦੇ ਬਾਹਰ ਨਿਕਲਣ ਦੇ ਸਾਡੇ ਸੱਭਿਆਚਾਰ ਅਤੇ ਰਚਨਾਤਮਕ ਖੇਤਰਾਂ ਲਈ ਡੂੰਘੇ, ਨਕਾਰਾਤਮਕ ਨਤੀਜੇ ਪਏ ਸਨ। ਖਾਸ ਤੌਰ 'ਤੇ, ਮੁਫ਼ਤ ਆਣ-ਜਾਣ ਨੂੰ ਹਟਾਉਣ ਦਾ ਟੂਰਿੰਗ ਕਲਾਕਾਰਾਂ 'ਤੇ ਵੱਡਾ ਅਸਰ ਪਿਆ, ਜਿਨ੍ਹਾਂ ਨੂੰ ਨਵੇਂ ਦਰਸ਼ਕਾਂ ਤੱਕ ਪਹੁੰਚਣਾ ਅਤੇ ਇੱਕ ਪ੍ਰਮੁੱਖ ਨਿਰਯਾਤ ਬਾਜ਼ਾਰ ਵਿੱਚ ਆਮਦਨੀ ਪੈਦਾ ਕਰਨਾ ਮੁਸ਼ਕਲ ਹੋ ਗਿਆ ਹੈ।

ਯੂਰੋਪੀਅਨ ਯੂਨੀਅਨ ਦੇ ਮੈਂਬਰ ਹੋਣ ਦੇ ਨਾਤੇ, ਇੱਕ ਸੁਤੰਤਰ Scotland ਵਿੱਚ ਸਾਡੇ ਗੁਆਂਢੀਆਂ ਨਾਲ ਸੱਭਿਆਚਾਰਕ ਅਦਾਨ-ਪ੍ਰਦਾਨ ਅਤੇ ਸਹਿਯੋਗ ਦੀਆਂ ਰੁਕਾਵਟਾਂ ਦੂਰ ਹੋ ਜਾਣਗੀਆਂ। ਆਵਾਜਾਈ ਦੀ ਆਜ਼ਾਦੀ ਨਾਲ EU ਤੋਂ ਕਲਾਕਾਰਾਂ ਅਤੇ ਸਿਰਜਣਾਤਮਕ ਪੇਸ਼ੇਵਰਾਂ ਨੂੰ Scotland ਵਿੱਚ ਹੋਰ ਆਸਾਨੀ ਨਾਲ ਆਉਣ ਵਿੱਚ ਮਦਦ ਕਰੇਗੀ ਅਤੇ ਸਕਾਟਿਸ਼ ਕਲਾਕਾਰਾਂ ਨੂੰ EU ਵਿੱਚ ਟੂਰ ਕਰਨ ਲਈ ਰੁਕਾਵਟਾਂ ਨੂੰ ਦੂਰ ਕਰੇਗੀ।

ਇੱਕ ਆਜ਼ਾਦ Scotland ਸੱਭਿਆਚਾਰ ਨੀਤੀ ਦੀਆਂ ਪਹਿਲਕਦਮੀਆਂ ਜਿਵੇਂ ਕਿ ਕ੍ਰਿਏਟਿਵ ਯੂਰੋਪ ਪ੍ਰੋਗਰਾਮ, ਸੱਭਿਆਚਾਰ ਅਤੇ ਆਡੀਓ-ਵਿਜ਼ੁਅਲ ਸੈਕਟਰਾਂ ਦਾ ਸਮਰਥਨ ਕਰਨ ਲਈ ਯੂਰੋਪੀਅਨ ਕਮਿਸ਼ਨ ਦਾ ਫਲੈਗਸ਼ਿਪ ਪ੍ਰੋਗਰਾਮ ਵਿੱਚ ਵੀ ਇੱਕ ਉਤਸ਼ਾਹੀ ਭਾਗੀਦਾਰ ਹੋਵੇਗਾ।

## ਵਿਸ਼ਵ ਮੰਚ 'ਤੇ Scotland

ਆਜ਼ਾਦੀ ਸੰਸਾਰ ਪੱਧਰ 'ਤੇ ਸਕਾਟਿਸ਼ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਮੌਕੇ ਵੀ ਦੇਵੇਗੀ। ਰਣਨੀਤਕ ਸਥਾਨਾਂ ਅੰਦਰ, ਇੱਕ ਆਜ਼ਾਦ Scotland ਵਿਸ਼ਵ ਪੱਧਰ 'ਤੇ ਸਕਾਟਿਸ਼ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਦੂਤਾਵਾਸਾਂ ਦੇ ਨੈਟਵਰਕ ਦੀ ਵਰਤੋਂ ਕਰੇਗਾ। ਇਹ ਮੌਜੂਦਾ 'Scotland ਹਾਊਸ' ਮਾਡਲ 'ਤੇ ਬਣੇਗਾ, ਜੋ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਸੰਪਰਕ ਨੂੰ ਵਧਾਵਾ ਦਿੰਦਾ ਹੈ।

Scotland ਵਿੱਚ ਸੱਭਿਆਚਾਰਕ ਖੇਤਰ ਅੰਤਰਰਾਸ਼ਟਰੀ ਅਤੇ ਬਾਹਰੀ ਦਿੱਖ ਵਾਲਾ ਹੈ, ਅਤੇ ਸੱਭਿਆਚਾਰਕ ਵਟਾਂਦਰਾ ਅਤੇ ਸਹਿਯੋਗ ਸੈਕਟਰ ਵਿੱਚ ਲਗਾਤਾਰ ਨਵੀਨਤਾ ਲਈ ਮਹੱਤਵਪੂਰਨ ਹੈ। ਆਜ਼ਾਦੀ ਦੇ ਨਾਲ, ਇਹ ਸਰਕਾਰ Scotland ਵਿੱਚ ਇੱਕ ਮਾਈਗ੍ਰੇਸ਼ਨ ਪ੍ਰਣਾਲੀ ਦੁਆਰਾ ਲਚਕਦਾਰ ਅਤੇ ਜਵਾਬਦੇਹ ਪ੍ਰਣਾਲੀ ਰਾਹੀਂ Scotland ਵਿੱਚ ਖੇਤਰ ਦੀਆਂ ਵਿਕਾਸਸ਼ੀਲ ਲੋੜਾਂ ਅਤੇ ਰਚਨਾਤਮਕ ਉਦਯੋਗਾਂ ਲਈ ਅਨੁਕੂਲਿਤ ਸਹਾਇਤਾ ਦਾ ਸਮਰਥਨ ਕਰੇਗੀ।

ਆਜ਼ਾਦੀ Scotland ਨੂੰ ਯੂਰੋਪ ਦੀ ਕੌਂਸਲ ਅਤੇ UNESCO ਵਰਗੀਆਂ ਬਹੁਪੱਖੀ ਸੰਸਥਾਵਾਂ ਦਾ ਮੈਂਬਰ ਬਣਨ ਦੀ ਵੀ ਆਗਿਆ ਦੇਵੇਗੀ। ਇੱਕ ਮੈਂਬਰ ਦੇ ਰੂਪ ਵਿੱਚ, Scotland ਕੋਲ ਨਾ ਸਿਰਫ਼ ਉਹਨਾਂ ਸੰਸਥਾਵਾਂ ਤੱਕ ਪੂਰੀ ਪਹੁੰਚ ਹੋਵੇਗੀ ਜੋ ਸਾਡੇ ਸੱਭਿਆਚਾਰ ਅਤੇ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਅਤੇ ਸੁਰੱਖਿਅਤ ਕਰਨ ਲਈ ਮੌਜੂਦ ਹਨ, ਬਲਕਿ ਇਹ ਸੰਸਥਾਵਾਂ ਆਪਣੀਆਂ ਸੱਭਿਆਚਾਰਕ ਨੀਤੀਆਂ ਨੂੰ ਕਿਵੇਂ ਆਕਾਰ ਦਿੰਦੀਆਂ ਹਨ, ਇਸ ਨੂੰ ਪ੍ਰਭਾਵਿਤ ਕਰਨ ਵਿੱਚ ਵੀ ਮੁੱਖ ਭੂਮਿਕਾ ਨਿਭਾ ਸਕਦੀਆਂ ਹਨ।

## Scotland ਦਾ ਰਚਨਾਤਮਕ ਅਰਥਚਾਰਾ

ਜਦੋਂ ਕਿ Scotland ਦਾ ਸਿਰਜਣਾਤਮਕ ਖੇਤਰ ਆਪਣੇ ਆਪ ਵਿੱਚ ਵਿਆਪਕ ਅਰਥਚਾਰੇ ਵਿੱਚ ਇੱਕ ਕੀਮਤੀ ਯੋਗਦਾਨ ਪਾਉਂਦਾ ਹੈ, ਇਹ ਹੋਰ ਖੇਤਰਾਂ ਜਿਵੇਂ ਕਿ ਸੈਰ-ਸਪਾਟਾ ਅਤੇ ਪਰਾਹੁਣਚਾਰੀ ਦਾ ਵੀ ਇੱਕ ਚਾਲਕ ਹੈ। ਰਚਨਾਤਮਕ ਉਦਯੋਗ ਜਿਵੇਂ ਕਿ ਸੰਗੀਤ, ਵੀਡੀਓ ਗੇਮਾਂ ਅਤੇ ਸਕ੍ਰੀਨ ਸੈਕਟਰ ਇੱਕ ਮਹੱਤਵਪੂਰਨ ਆਰਥਿਕ ਭੂਮਿਕਾ ਨਿਭਾਉਂਦੇ ਹਨ, ਜਦਕਿ Scotland ਦੀ ਅੰਤਰਰਾਸ਼ਟਰੀ ਸ਼ਾਨ ਦਾ ਸਮਰਥਨ ਵੀ ਕਰਦੇ ਹਨ।

ਸਰਕਾਰ ਅਤੇ ਜਨਤਕ ਸੰਸਥਾਵਾਂ ਦੁਆਰਾ ਦਿੱਤੀ ਸਹਾਇਤਾ ਸਾਡੇ ਸੱਭਿਆਚਾਰ ਅਤੇ ਸਿਰਜਣਾਤਮਕ ਖੇਤਰਾਂ ਨੂੰ ਵਿਕਸਤ ਕਰਨ ਅਤੇ ਵਧਣ-ਫੁੱਲਣ ਵਿੱਚ ਮਦਦ ਕਰਨ ਵਿੱਚ ਮਹੱਤਵਪੂਰਨ ਹੋ ਸਕਦੀ ਹੈ, ਖਾਸ ਤੌਰ 'ਤੇ ਕਿਉਂਕਿ ਇਹ ਖੇਤਰ COVID-19 ਮਹਾਂਮਾਰੀ ਦੇ ਪ੍ਰਭਾਵ ਤੋਂ ਉਭਰਨਾ ਜਾਰੀ ਰੱਖ ਰਿਹਾ ਹੈ। ਆਜ਼ਾਦੀ ਸਕਾਟਿਸ਼ ਸਰਕਾਰ ਅਤੇ ਸੰਸਦ ਨੂੰ ਇਸ ਬਾਰੇ ਮਹੱਤਵਪੂਰਨ ਮਾਲੀ ਫੈਸਲੇ ਲੈਣ ਲਈ ਲੋੜੀਂਦੀਆਂ ਸ਼ਕਤੀਆਂ ਦੇਵੇਗੀ ਕਿ ਸੱਭਿਆਚਾਰ ਖੇਤਰ ਲਈ ਸਹਾਇਤਾ ਕਿਵੇਂ ਫੰਡ ਕੀਤੀ ਅਤੇ ਪ੍ਰਦਾਨ ਕੀਤੀ ਜਾ ਸਕਦੀ ਹੈ - ਸ਼ਕਤੀਆਂ ਜੋ ਵਰਤਮਾਨ ਵਿੱਚ UK ਸਰਕਾਰ ਲਈ ਰਾਖਵੀਆਂ ਹਨ।

ਇਸ ਵਿੱਚ ਟੈਕਸ ਰਾਹਤ ਅਤੇ ਟੈਕਸ ਲਗਾਉਣ, ਉਧਾਰ ਲੈਣ ਅਤੇ ਖਰਚ ਕਰਨ ਲਈ ਵਿਆਪਕ ਸ਼ਕਤੀਆਂ ਸ਼ਾਮਲ ਹੋ ਸਕਦੀਆਂ ਹਨ। ਅਜਿਹੇ ਉਪਾਅ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਵਿੱਚ ਇੱਕ ਭੂਮਿਕਾ ਅਦਾ ਕਰ ਸਕਦੇ ਹਨ ਤਾਂਕਿ Scotland ਦੇ ਸਿਰਜਣਾਤਮਕ ਖੇਤਰਾਂ ਵਿੱਚ ਉਹਨਾਂ ਨੂੰ ਲੋੜੀਂਦਾ ਸਮਰਥਨ ਅਤੇ ਸਥਿਰਤਾ ਮਿਲ ਸਕੇ।

# ਸਿੱਟਾ

ਇੱਕ ਆਜ਼ਾਦ ਦੇਸ਼ ਦੀਆਂ ਸ਼ਕਤੀਆਂ ਅਤੇ ਅੰਤਰਰਾਸ਼ਟਰੀ ਪ੍ਰਭਾਵ ਨਾਲ, Scotland ਦਾ ਸੱਭਿਆਚਾਰ ਖੇਤਰ ਵਧ-ਫੁੱਲ ਸਕਦਾ ਹੈ, ਇਸ ਤਰ੍ਹਾਂ ਇਹ Scotland ਅਤੇ ਵਿਦੇਸ਼ਾਂ ਦੇ ਲੋਕਾਂ ਲਈ ਸਾਡੇ ਸੱਭਿਆਚਾਰ ਤੱਕ ਪਹੁੰਚ ਦਾ ਸਮਰਥਨ ਕਰਦਾ ਹੈ।

EU ਵਿੱਚ ਇੱਕ ਆਜ਼ਾਦ Scotland ਨੇ ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਸਹਿਯੋਗ ਦਾ ਸਮਰਥਨ ਕਰਦਿਆਂ, ਜੋ ਕਿ ਸੱਭਿਆਚਾਰਕ ਨਵੀਨਤਾ ਲਈ ਬਹੁਤ ਬੁਨਿਆਦੀ ਹੁੰਦੇ ਹਨ, ਅੰਤਰਰਾਸ਼ਟਰੀ ਤੌਰ 'ਤੇ ਸ਼ਾਮਲ ਹੋਣ ਦੇ ਮੌਕੇ ਵਧਾਏ ਹੋਣਗੇ।

ਅਤੇ ਜਦੋਂ ਕਿ ਸਾਡੇ ਸਿਰਜਣਾਤਮਕ ਉਦਯੋਗ ਪਹਿਲਾਂ ਹੀ ਸਾਡੀ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ, ਆਜ਼ਾਦੀ ਦੇ ਨਾਲ ਉਹ ਇੱਕ ਅਮੀਰ, ਨਿਰਪੱਖ ਅਤੇ ਵਧੇਰੇ ਸ਼ਮੂਲੀਅਤ ਭਰਪੂਰ Scotland ਬਣਾਉਣ ਵਿੱਚ ਇੱਕ ਹੋਰ ਮਜ਼ਬੂਤ ਭੂਮਿਕਾ ਅਦਾ ਕਰ ਸਕਦੇ ਹਨ।

© The Scottish Government 2024

ਸਕਾਟਿਸ਼ ਸਰਕਾਰ ਵੱਲੋਂ ਪ੍ਰਕਾਸ਼ਿਤ, ਜਨਵਰੀ 2024

APS Group Scotland, 21 Tennant Street,
Edinburgh EH6 5NA ਵੱਲੋ ਸਕਾਟਿਸ਼ ਸਰਕਾਰ ਲਈ ਤਿਆਰ ਕੀਤਾ ਗਿਆ PPDAS1403674 (01/24)